# UW Medicine

## ਵਿੱਤੀ ਸਹਾਇਤਾ ਨੀਤੀ - ਸਪੱਸ਼ਟ ਭਾਸ਼ਾ ਸਾਰ

**ਦਿੱਤੀ ਗਈ ਵਿੱਤੀ ਸਹਾਇਤਾ**: UW Medicine ਆਪਣੀ ਵਿੱਤੀ ਸਹਾਇਤਾ ਨੀਤੀ ਦੇ ਤਹਿਤ, ਉਹਨਾਂ ਯੋਗ ਮਰੀਜ਼ਾਂ ਨੂੰ ਵਿੱਤੀ ਸਹਾਇਤਾ ਦੀ ਪੇਸ਼ਕਸ਼ ਕਰਦੀ ਹੈ ਜੋ ਐਮਰਜੈਂਸੀ ਜਾਂ ਹੋਰ ਡਾਕਟਰੀ ਤੌਰ 'ਤੇ ਲੋੜੀਂਦੀ ਦੇਖਭਾਲ ਲਈ ਭੁਗਤਾਨ ਕਰਨ ਵਿੱਚਅਸਮਰੱਥ ਹਨ। UW Medicine ਕਿਸੇ ਵੀ ਮਰੀਜ਼/ਗਾਰੰਟਰ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਦੀ ਹੈ ਜਿਸਦੀ ਕੁੱਲ ਪਰਿਵਾਰਕ ਆਮਦਨ ਫੈਡਰਲ ਪੋਵਰਟੀ ਲੈਵਲ (Federal Poverty Level (FPL)) ਦੇ 400% ਤੱਕ ਹੈ ਅਤੇ ਕਿਸੇ ਵੀ ਤੀਜੀ-ਧਿਰ ਦੀ ਕਵਰੇਜ ਦੇ ਖ਼ਤਮ ਹੋਣ ਤੋਂ ਬਾਅਦ ਪਰਿਵਾਰ ਦੇ ਆਕਾਰ ਲਈ ਐਡਜਸਟ ਕੀਤੀ ਜਾਂਦੀ ਹੈ। Airlift Northwest, Harborview Medical Center, UW Medical Center, UW Physicians, UW Medicine Primary Care, ਅਤੇ Valley Medical Center ਵਿਖੇ ਸਹੂਲਤ ਅਤੇ/ਜਾਂ ਪੇਸ਼ੇਵਰ ਸੇਵਾਵਾਂ ਲਈ:

- 100% ਵਿੱਤੀ ਸਹਾਇਤਾ ਛੋਟ ਲਈ FPL ਦਾ 0% - 300%

Harborview Medical Center, UW Medical Center, ਅਤੇ Valley Medical Center ਵਿੱਚ ਸਿਰਫ਼ 1 ਜੁਲਾਈ, 2022 ਨੂੰ ਜਾਂ ਇਸ ਤੋਂ ਬਾਅਦ ਡਿਸਚਾਰਜ ਮਿਤੀਆਂ ਵਾਲੀਆਂ ਸੁਵਿਧਾ ਸੇਵਾਵਾਂ ਲਈ:

- 75% ਵਿੱਤੀ ਸਹਾਇਤਾ ਛੋਟ ਲਈ FPL ਦਾ 301% - 350%
- 50% ਵਿੱਤੀ ਸਹਾਇਤਾ ਛੋਟ ਲਈ FPL ਦਾ 351% - 400%

Valley Medical Center ਲਈ, ਇੱਕ ਵਿਅਕਤੀ ਜੋ ਵਿੱਤੀ ਸਹਾਇਤਾ ਲਈ ਯੋਗ ਹੈ, ਆਮ ਤੌਰ 'ਤੇ ਐਮਰਜੈਂਸੀ ਜਾਂ ਹੋਰ ਡਾਕਟਰੀ ਤੌਰ 'ਤੇ ਲੋੜੀਂਦੀ ਦੇਖਭਾਲ ਲਈ ਬਿੱਲ ਕੀਤੀਆਂ ਰਕਮਾਂ ਤੋਂ ਵੱਧ ਨਹੀਂ ਲਿਆ ਜਾ ਸਕਦਾ।

**ਯੋਗਤਾ ਦੀਆਂ ਲੋੜਾਂ ਅਤੇ ਪੇਸ਼ਕਸ਼ ਕੀਤੀ ਸਹਾਇਤਾ**: ਵਿੱਤੀ ਸਹਾਇਤਾ ਲਈ ਯੋਗਤਾ ਬਹੁਤ ਸਾਰੇ ਕਾਰਕਾਂ 'ਤੇ ਅਧਾਰਤ ਹੈ ਜਿਸ ਵਿੱਚ ਸਥਿਤੀ ਦੀ ਪ੍ਰਕਿਰਤੀ ਅਤੇ ਲੋੜੀਂਦੀ ਦੇਖਭਾਲ, ਬੀਮਾ ਕਵਰੇਜ ਜਾਂ ਭੁਗਤਾਨ ਦੇ ਹੋਰ ਸਰੋਤ, ਆਮਦਨ, ਪਰਿਵਾਰ ਦਾ ਆਕਾਰ, ਸੰਪੱਤੀਆਂ, WA ਰਾਜ ਦੀ ਰਿਹਾਇਸ਼ ਅਤੇ ਮਰੀਜ਼ ਜਾਂ ਪ੍ਰਦਾਤਾ ਦੁਆਰਾ ਵਿਚਾਰੇ ਜਾਣ ਵਾਲੇ ਕੋਈ ਵਿਸ਼ੇਸ਼ ਵਿਚਾਰ ਸ਼ਾਮਲ ਹਨ।

ਵਿੱਤੀ ਸਹਾਇਤਾ ਦੀ ਮੰਗ ਕਰਨ ਵਾਲੇ ਮਰੀਜ਼ਾਂ ਨੂੰ ਵਿੱਤੀ ਸਹਾਇਤਾ ਅਰਜ਼ੀ ਪ੍ਰਕਿਰਿਆ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਵਿੱਚ ਮਰੀਜ਼ ਦੀ W-2 ਸਟੇਟਮੈਂਟ, ਮੌਜਵਦਾ ਪੇ ਸਟੱਬ, ਬੈਂਕ ਸਟੇਟਮੈਂਟ ਜਾਂ ਪਿਛਲੇ ਸਾਲ ਦੀ ਇਨਕਮ ਟੈਕਸ ਰਿਟਰਨ ਜਮ੍ਹਾਂ ਕਰਾਉਣਾ ਅਤੇਰਾਜ ਦੀ ਸਬਸਿਡੀ ਵਾਲੀ ਦੇਖਭਾਲ (Medicaid) ਸਮੇਤ ਸਹਾਇਤਾ ਦੇ ਸਾਰੇ ਉਪਲਬਧ ਸਰੋਤਾਂ ਲਈ ਅਰਜ਼ੀ ਪ੍ਰਕਿਰਿਆ ਨੂੰ ਪਵਰਾ ਕਰਨਾ ਸ਼ਾਮਲ ਹੈ।

**ਸਹਾਇਤਾ ਲਈ ਅਰਜ਼ੀ ਕਿਵੇਂ ਦੇਣੀ ਹੈ ਅਤੇ**: ਮਰੀਜ਼ ਜਾਂ ਮਰੀਜ਼ ਦੀ ਦੇਖਭਾਲ ਵਿੱਚ ਸ਼ਾਮਲ ਕੋਈ ਵੀ ਵਿਅਕਤੀ, ਪਰਿਵਾਰ ਦੇ ਮੈਂਬਰ ਜਾਂ ਪ੍ਰਦਾਤਾ ਸਮੇਤ, ਵਿੱਤੀ ਚਿੰਤਾਵਾਂ ਪ੍ਰਗਟ ਕਰ ਸਕਦਾ ਹੈ। ਫਿਰ ਮਰੀਜ਼ ਜਾਂ ਜ਼ਿੰਮੇਵਾਰ ਧਿਰ ਨੂੰ ਵਿੱਤੀ ਸਹਾਇਤਾ ਦੀ ਅਰਜ਼ੀ ਭਰਨ ਲਈ ਉਤਸ਼ਾਹਿਤ ਕੀਤਾ ਜਾਵੇਗਾ। ਵਿੱਤੀ ਸਹਾਇਤਾ ਲਈ ਯੋਗ ਹੋਣ ਲਈ, ਖਾਤੇ ਨੂੰ ਅਦਾਲਤੀ ਨਿਰਣਾ ਪ੍ਰਾਪਤ ਕਰਨ ਤੋਂ ਪਹਿਲਾਂ ਕਿਸੇ ਵੀ ਸਮੇਂ ਇੱਕ ਅਰਜ਼ੀ ਜਮ੍ਹਾਂ ਕੀਤੀ ਜਾ ਸਕਦੀ ਹੈ।

**ਸਹਾਇਤਾ ਲਈ ਕੀ ਯੋਗ ਹੈ:** ਵਿੱਤੀ ਸਹਾਇਤਾ UW ਮੈਡੀਕਲ ਕਰਮਚਾਰੀਆਂ ਦੁਆਰਾ UW Medicine ਸਥਾਨ 'ਤੇ ਪ੍ਰਦਾਨ ਕੀਤੀ ਡਾਕਟਰੀ ਦੇਖਭਾਲ ਤੱਕ ਸੀਮਿਤ ਹੈ। ਖਰਚੇ ਜਿਵੇਂ ਕਿ ਯਾਤਰਾ, ਭੋਜਨ, ਰਿਹਾਇਸ਼, ਅਤੇ ਟਿਕਾਊ ਮੈਡੀਕਲ ਉਪਕਰਨ ਵਿੱਤੀ ਸਹਾਇਤਾ ਨੀਤੀ ਦੇ ਤਹਿਤ ਕਵਰ ਨਹੀਂ ਕੀਤੇ ਜਾਂਦੇ ਹਨ। ਜੇ ਤਜਵੀਜ਼ ਕਿਸੇ UW Medicine ਪ੍ਰਦਾਤਾ ਦੁਆਰਾ ਲਿਖੀ ਜਾਂਦੀ ਹੈ ਅਤੇ UW Medicine ਫਾਰਮੇਸੀ ਵਿੱਚ ਭਰੀ ਜਾਂਦੀ ਹੈ (ਜੇ ਉਪਲਬਧ ਹੋਵੇ) ਤਾਂ ਨੁਸਖ਼ਿਆਂ ਨੂੰ 100% ਵਿੱਤੀ ਸਹਾਇਤਾ ਛੋਟ ਲਈ FPL ਦੇ 300% ਤੱਕ ਕਵਰ ਕੀਤਾ ਜਾ ਸਕਦਾ ਹੈ।

**ਕਾਪੀਆਂ ਕਿੱਥੋਂ ਪ੍ਰਾਪਤ ਕਰਨੀਆਂ ਹਨ, ਵਸਤਾਵੇਜ਼ ਜਮ੍ਹਾਂ ਕਰਾਉਣ ਅਤੇ ਸੰਪਰਕ ਜਾਣਕਾਰੀ**: UW Medicine ਵਿੱਤੀ ਸਹਾਇਤਾ ਪਾਲਿਸੀ, ਵਿੱਤੀ ਸਹਾਇਤਾ ਅਰਜ਼ੀ, ਪਲਾਨ ਭਾਸ਼ਾ ਸਾਰ, ਅਤੇ ਬਿਲਿੰ ਗ ਅਤੇ ਕਲੈਕਸ ਨਪਾਲਿਸੀਆਂ ਮੁਫ ਤਵਿੱ ਚ ਉਪਲਬਧ ਹਨ। ਇਹਨਾਂ ਦਸਤਾਵੇਜ਼ਾਂ ਤੱ ਕ ਕਈ ਭਾਸ ਾਵਿੱ ਚ ਆੱ ਨਲਾਈਨ, ਫ ੋਨਦੁਆਰਾ ਜਾਂ ਵਿਅਕਤੀਗਤ ਰਵ ਪ ਵਿੱ ਚ ਪਹੁ ਚੁ ਕੀਤੀ ਜਾ ਸਕਦੀ ਹੈ। ਦਸਤਾਵੇਜ਼ ਡਾਊਨਲੋਡ ਜਾਂ ਪ੍ਰਿੰਟ ਕਰਨ ਲਈ uwmedicine.org/financialassistance ਜਾਂ valleymed.org/financialassistance 'ਤੇ ਪਿਰੰਟ ਕਰਨ ਲਈ ਔਨਲਾਈਨ ਹਨ। ਤੁਸੀਂ ਆਪਣੀ ਕਾਪੀ ਉਸ ਸਥਾਨ ਤੋਂ ਵਿਅਕਤੀਗਤ ਤੌਰ 'ਤੇ ਜਾਂ ਫ ੋਨਦੁਆਰਾ ਮੰ ਗ ਸਕਦੇ ਹੋ ਜਿੱ ਥੇ ਤੁਸੀਂ ਦੇਖਭਾਲ ਦੀ ਮੰ ਗ ਕਰ ਰਹੇ ਹੋ। ਅੰਗਰੇਜ਼ੀ ਵਿੱਚ ਵਿੱਤੀ ਸਹਾਇਤਾ ਅਰਜ਼ੀ ਅਤੇ ਸਹਾਇਕ ਦਸਤਾਵੇਜ਼ਾਂ ਲਈ, ਤੁਸੀਂ ਹੁਣ ਆਪਣੀ ਦੇਖਭਾਲ ਦੇ ਸਥਾਨ ਦੇ ਆਧਾਰ 'ਤੇ ਆਪਣੇ ਦਸਤਾਵੇਜ਼ ਜਮ੍ਹਾਂ ਕਰਾਉਣ ਲਈ MyChart (Airlift Northwest ਨੂੰ ਛੱਡ ਕੇ) ਦੀ ਵਰਤੋਂ ਕਰ ਸਕਦੇ ਹੋ। ਹੋਰ ਸਾਰੀਆਂ ਐਪਲੀਕੇਸ਼ਨ ਸਬਮਿਸ਼ਨਾਂ ਲਈ ਡਾਕ, ਫੈਕਸ, ਜਾਂ ਵਿਅਕਤੀਗਤ ਤੌਰ 'ਤੇ ਜਮ੍ਹਾਂ ਕਰਨਾ ਜਾਰੀ ਰੱਖੋ। ਵਿਚਾਰਨ ਲਈ ਜਮ੍ਹਾਂ ਕੀਤੀ ਗਈ ਕੋਈ ਵੀ ਜਾਣਕਾਰੀ ਹੈਲਥ ਇੰਸ਼ੋਰੈਂਸ ਪੋਰਟੀਬਲਿਟੀ ਐਂਡ ਅਕਾਉਂਟੇਬਲਿਟੀ ਐਕਟ (Health Insurance Portability and Accountability Act (HIPAA)) ਦੇ ਤਹਿਤ ਸੁਰੱਖਿਅਤ ਸਿਹਤ ਜਾਣਕਾਰੀ ਵਜੋਂ ਮੰਨੀ ਜਾਵੇਗੀ।

| | | |
|---|---|---|
| Harborview Medical Center<br>UW Physicians<br>UW Medicine Primary Care<br>Financial Counseling<br>325 9th Ave; Mail Stop 359758<br>Seattle, WA 98104-2499<br>ਫੋਨ 206.744.3084<br>ਫੈਕਸ 206.744.5187<br>ਸੋਮ-ਸ਼ੁੱਕਰ ਸਵੇਰੇ 8 ਵਜੇ – ਸ਼ਾਮ 4:30 ਵਜੇ<br>mychart.uwmedicine.org | UW Medical Center-Montlake<br>UW Physicians<br>UW Medicine Primary Care<br>Financial Counseling<br>1959 NE Pacific Street; Mail Stop 356142<br>Seattle, WA 98195-6142<br>ਫੋਨ 206.744.3084<br>ਫੈਕਸ 206.598.1122<br>ਸੋਮ-ਸ਼ੁੱਕਰ ਸਵੇਰੇ 8 ਵਜੇ – ਸ਼ਾਮ 4:30 ਵਜੇ<br>mychart.uwmedicine.org | UW Medical Center-Northwest<br>UW Physicians<br>UW Medicine Primary Care<br>Financial Counseling<br>1550 N 115th St<br>Seattle, WA 98133-9733<br>ਫੋਨ 206.744.3084<br>ਫੈਕਸ 206.598.1122<br>ਸੋਮ-ਸ਼ੁੱਕਰ ਸਵੇਰੇ 8 ਵਜੇ – ਸ਼ਾਮ 4:30 ਵਜੇ<br>mychart.uwmedicine.org |
| Valley Medical Center<br>Patient Financial Services<br>P.O. Box 59148<br>Renton, WA 98058-2148<br>ਫੋਨ 425.690.3578<br>ਫੈਕਸ 425.690.9578<br>ਸੋਮ-ਸ਼ੁੱਕਰ ਸਵੇਰੇ 8 ਵਜੇ – ਸ਼ਾਮ 5 ਵਜੇ<br>mychart.valleymed.org/#mychart | Valley Medical Center<br>Patient Financial Services<br>3600 Lind Ave SW, Suite 110<br>Renton, WA 98057-4970<br>ਫੋਨ 425.690.3578<br>ਫੈਕਸ 425.690.9578<br>ਸੋਮ-ਸ਼ੁੱਕਰ ਸਵੇਰੇ 8 ਵਜੇ – ਸ਼ਾਮ 5 ਵਜੇ<br>mychart.valleymed.org/#mychart | Airlift Northwest<br>Patient Financial Services<br>6505 Perimeter Road S., Ste 200<br>Seattle, WA 98108<br>ਫੋਨ 206.598.2912<br>ਫੈਕਸ 206.521.1612<br>ਸੋਮ-ਸ਼ੁੱਕਰ ਸਵੇਰੇ 8 ਵਜੇ – ਸ਼ਾਮ 5 ਵਜੇ |